SED-EDU405/102/2024-2EDU4

I/952780/2024

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ – 4 ਸ਼ਾਖਾ)

<u>ਹੁਕਮ</u>

ਸਰਕਾਰ ਵੱਲੋਂ ਪੱਤਰ ਨੰ: SED-EDU401/74/2024-2EDU4/109 ਮਿਤੀ 31-08-2024 ਰਾਹੀਂ ਜਾਰੀ ਕੀਤੇ ਹੁਕਮਾਂ ਦੇ ਲੜੀ ਨੰ: 01 ਤੇ ਸ੍ਰੀ ਰੰਧਾਵਾ ਸਿੰਘ, ਪ੍ਰਿੰਸੀਪਲ ਦੀ ਬਦਲੀ ਸਸਸਸ ਲੰਗ, ਜਿਲ੍ਹਾ ਪਟਿਆਲਾ ਤੋਂ ਸਸਸਸ ਬੀਬੀਪੁਰ, ਪਟਿਆਲਾ ਵਿਖੇ ਕੀਤੀ ਗਈ ਸੀ।

2. ਇਹਨਾਂ ਹੁਕਮਾਂ ਵਿਰੁੱਧ ਸ੍ਰੀ ਰੰਧਾਵਾ ਸਿੰਘ, ਪ੍ਰਿੰਸੀਪਲ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰ: 21973 ਆਫ 2024 ਦਾਇਰ ਕੀਤੀ ਗਈ। ਜਿਸ ਵਿੱਚ ਮਾਨਯੋਗ ਅਦਾਲਤ ਵੱਲੋਂ ਮਿਤੀ 03.09.2024 ਰਾਹੀਂ ਸ੍ਰੀ ਰੰਧਾਵਾ ਸਿੰਘ, ਪ੍ਰਿੰਸੀਪਲ ਦੀ ਬਦਲੀ ਦੇ ਹੁਕਮ ਸਬੰਧੀ ਪਟੀਸ਼ਨਰ ਦੀ ਪ੍ਰਤੀਬੇਨਤੀ ਨੂੰ ਵਿਚਾਰਨ ਦੇ ਆਦੇਸ਼ ਦਿੱਤੇ ਸਨ। ਮਾਨਯੋਗ ਕੋਰਟ ਵੱਲੋਂ ਮਿਤੀ 03.09.2024 ਰਾਹੀਂ ਕੀਤੇ ਹੁਕਮਾਂ ਦੀ ਪਾਲਣਾ ਹਿੱਤ ਸ੍ਰੀ ਰੰਧਾਵਾ ਸਿੰਘ ਵੱਲੋਂ ਦਿੱਤੀ ਗਈ ਪ੍ਰਤੀਬੇਨਤੀ ਮਿਤੀ 20/09/2024 ਨੂੰ ਵਿਚਾਰਨ ਉਪਰੰਤ ਸਰਕਾਰ ਦੇ ਪੱਤਰ ਨੰ: SED-EDU401/74/2024-2EDU4/109 ਮਿਤੀ 31-08-2024 ਰਾਹੀਂ ਸ੍ਰੀ ਰੰਧਾਵਾ ਸਿੰਘ, ਪ੍ਰਿੰਸੀਪਲ ਦੀ ਬਦਲੀ ਦੇ ਕੀਤੇ ਹੁਕਮ ਰੱਦ ਕਰਦੇ ਹੋਏ ਉਸਨੂੰ ਸਸਸਸ ਬਹਾਦਰਗੜ੍ਹ, ਜਿਲ੍ਹਾ ਪਟਿਆਲਾ ਵਿਖੇ ਖਾਲੀ ਅਸਾਮੀ ਵਿਰੁੱਧ ਤੈਨਾਤ ਕੀਤਾ ਜਾਂਦਾ ਹੈ।

3. ਇਹ ਹੁਕਮ ਸਿੱਖਿਆ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ। ਇਹ ਹੁਕਮ ਤੁਰੰਤ ਲਾਗੂ ਹੋਣਗੇ।

ਮਿਤੀ, ਚੰਡੀਗੜ੍ਹ:
27.09.2024

ਕਮਲ ਕਿਸ਼ੋਰ ਯਾਦਵ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਪਿੱ.ਅੰ. ਨੰ:/ਉਕਤ
ਮਿਤੀ, ਚੰਡੀਗੜ੍ਹ: 22.10.2024

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
2) ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪਟਿਆਲਾ।
3) ਡੀ.ਐਮ. (ਐਮ.ਆਈ. ਐਸ. ਵਿੰਗ) ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਕਤ ਹੁਕਮਾਂ ਨੂੰ ਵਿਭਾਗ ਦੀ ਵੈੱਬਸਾਇਟ ਤੇ ਅਪਲੋਡ ਕੀਤਾ ਜਾਵੇ।
4) ਸਬੰਧਤ ਅਧਿਕਾਰੀ (ਵੈੱਬਸਾਇਟ ਰਾਹੀਂ)।

(ਸੁਰਜੀਤ ਸਿੰਘ)
ਸੁਪਰਡੰਟ